# ਗਮਾਡਾ ਅਥਾਰਟੀ ਦੀ 10ਵੀਂ ਮੀਟਿੰਗ ਜੋ ਮਿਤੀ 30-06-2011 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।

ਅਨੁਲੱਗ:- ੳ

**ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ**
**(ਤਾਲਮੇਲ/ਮੀਟਿੰਗਜ਼ ਸ਼ਾਖਾ)**

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2011/ 8755-8761 ਮਿਤੀ: 20/7/20..

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

5) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

7) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

ਵਿਸ਼ਾ: - **ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ 10ਵੀ ਮੀਟਿੰਗ ਦੀ ਕਾਰਵਾਈ ਬਾਰੇ।**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ 10ਵੀਂ ਮੀਟਿੰਗ ਜੋ ਮਿਤੀ 30-06-2011 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ ।

ਵਧੀਕ ਮੁੱਖ ਪ੍ਰਸਾਸਕ(ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2011/ 8762 ਮਿਤੀ: 20/7/2

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 10ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਜੀ ਨੂੰ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਸੂਚਨਾਂ ਹਿੱਤ ਜੀ।

ਵਧੀਕ ਮੁੱਖ ਪ੍ਰਸਾਸਕ(ਮੁ:ਦ:)।

ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 30-06-2011 ਨੂੰ 5:00 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 10ਵੀਂ ਮੀਟਿੰਗ ਦੀ ਕਾਰਵਾਈ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 30-06-2011 ਨੂੰ ਗਮਾਡਾ ਅਥਾਰਟੀ ਦੀ 10ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਮੈਬਰਾਂ ਨੇ ਭਾਗ ਲਿਆ।

1) ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।

2) ਸ੍ਰੀ ਡੀ ਐਸ ਗੁਰੂ, ਆਈ ਏ ਐਸ,
ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ।
ਚੰਡੀਗੜ੍ਹ।

3) ਸ੍ਰੀ ਕੇ ਬੀ ਐਸ ਸਿੱਧੂ, ਆਈ ਏ ਐਸ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਚੰਡੀਗੜ੍ਹ।

4) ਸ੍ਰੀ ਐਸ ਐਸ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ।

5) ਸ੍ਰੀ ਐਸ ਐਸ ਰਾਜਪੂਤ,
ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ।

Attested

18.7.11

6) ਸ੍ਰੀ ਸਰਵਜੀਤ ਸਿੰਘ, ਆਈ ਏ ਐਸ
ਮੁੱਖ ਪ੍ਰਸ਼ਾਸਕ, ਗਮਾਡਾ
ਐਸ ਏ ਐਸ ਨਗਰ।

7) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਮੀਟਿੰਗ ਵਿੱਚ ਸ਼ਾਮਿਲ ਹੋਏ।

1) ਸ੍ਰੀ ਪ੍ਰਵੀਨ ਕੁਮਾਰ ਥਿੰਡ, ਆਈ ਏ ਐਸ
ਵਧੀਕ ਮੁੱਖ ਪ੍ਰਸ਼ਾਸਕ(ਮ.ਦ/ਪਾਲਿਸੀ),
ਗਮਾਡਾ, ਐਸ ਏ ਐਸ ਨਗਰ।

2) ਸ੍ਰੀ ਰਾਜੇਸ਼ ਸੋਢੀ, ਆਈ ਆਰ ਐਸ,
ਵਧੀਕ ਮੁੱਖ ਪ੍ਰਸ਼ਾਸਕ(ਵਿੱਤ ਤੇ ਲੇਖਾ),
ਗਮਾਂਡਾ, ਐਸ ਏ ਐਸ ਨਗਰ।

3) ਸ੍ਰੀ ਮਨਜੀਤ ਸਿੰਘ ਬਰਾੜ, ਪੀ ਸੀ ਐਸ,
ਵਧੀਕ ਮੁੱਖ ਪ੍ਰਸ਼ਾਸਕ,
ਗਮਾਡਾ, ਐਸ ਏ ਐਸ ਨਗਰ।

4) ਸ੍ਰੀ ਬਲਬੀਰ ਸਿੰਘ ਢੋਲ, ਪੀ ਸੀ ਐਸ,
ਮਿਲਖ ਅਫਸਰ,
ਗਮਾਡਾ, ਐਸ ਏ ਐਸ ਨਗਰ।

5) ਸ੍ਰੀ ਗੁਰਪ੍ਰੀਤ ਸਿੰਘ,
ਜਿਲਾ ਨਗਰ ਯੋਜਨਾਕਾਰ,
ਐਸ ਏ ਐਸ ਨਗਰ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ।

<u>ਮੱਦ ਨੰ: 10.01</u>

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਨੌਵੀਂ ਮੀਟਿੰਗ ਜੋ ਮਿਤੀ 03-01-2011 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ।

<u>ਮੱਦ ਨੰ: 10.02</u>

**ਗਮਾਡਾ ਅਥਾਰਟੀ ਦੀ ਮਿਤੀ 3-01-2011 ਨੂੰ ਹੋਈ ਨੌਵੀ ਮੀਟਿੰਗ ਵਿੱਚ ਲਏ ਗਏ ਫੈਸਲਿਆ ਅਨੁਸਾਰ ਕੀਤੀ ਗਈ ਕਾਰਵਾਈ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

Attested 18.7.11

**<u>ਮੱਦ ਨੰ: 10.03</u>**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 13ਵੀਂ ਅਤੇ 14ਵੀਂ ਮੀਟਿੰਗ ਜੋ ਕ੍ਰਮਵਾਰ ਮਿਤੀ 27-01-11 ਅਤੇ 13-06-2011 ਨੂੰ ਹੋਈ, ਵਿੱਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਬਾਰੇ।**

ਅਥਾਰਟੀ ਨੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਨੋਟ ਕਰਦੇ ਹੋਏ ਰੈਟੀਫਾਈ ਕੀਤਾ ਅਤੇ ਤਸੱਲੀ ਪ੍ਰਗਟਾਈ ਗਈ।

**<u>ਮੱਦ ਨੰ: 10.04</u>**

**ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਗਮਾਡਾ ਵੱਲੋਂ ਕੀਤੇ 50.00 ਲੱਖ ਰੁਪਏ ਦੇ ਅਨੁਦਾਨ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।**

ਮੱਦ ਪ੍ਰਵਾਨ ਹੈ।

**<u>ਮੱਦ ਨੰ: 10.05</u>**

**ਮੁੱਖ ਮੰਤਰੀ ਰਾਹਤ ਕੋਸ਼ ਵਿੱਚ ਗਮਾਡਾ ਵੱਲੋਂ ਕੀਤੇ 1.00 ਕਰੋੜ ਰੁਪਏ ਦੇ ਅਨੁਦਾਨ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।**

ਮੱਦ ਪ੍ਰਵਾਨ ਹੈ।

**<u>ਮੱਦ ਨੰ: 10.06</u>**

**ਰੋਪੜ ਵਿਖੇ ਜਲ ਸਪਲਾਈ, ਸੀਵਰੇਜ ਅਤੇ ਵਾਟਰ ਟ੍ਰੀਟਮੈਂਟ ਦੇ ਕੰਮਾਂ ਲਈ 33.58 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਬਾਰੇ।**

ਮੱਦ ਪ੍ਰਵਾਨ ਕੀਤੀ ਗਈ ਅਤੇ ਨਾਲ ਹੀ ਇਹ ਸੁਨਿਸਿਚਿੱਤ ਕਰਨ ਦੇ ਨਿਰਦੇਸ਼ ਦਿੱਤੇ ਗਏ ਕਿ ਕਾਰਜਕਾਰੀ ਏਜੰਸੀ ਵੱਲੋ ਤਖਮੀਨੇ ਦੀ ਘੋਖ ਤਕਨੀਕੀ ਸਲਾਹਕਾਰ/ਮੁੱਖ ਮੰਤਰੀ, ਪੰਜਾਬ ਜਨਰਲ ਬੀ.ਐਸ.ਧਾਲੀਵਾਲ ਤੋ ਕਰਵਾਈ ਜਾਵੇ ।

**<u>ਮੱਦ ਨੰ: 10.07</u>**

**ਇੰਟੈਲੀਜੈਂਸ ਵਿੰਗ ਲਈ ਪਲਾਟ ਨੰ: 58, ਸੈਕਟਰ 63, ਐਸ ਏ ਐਸ ਨਗਰ ਦੀ ਥਾਂ ਤੇ ਅਲਟਰਨੇਟਿਵ ਪਲਾਟ ਦੇਣ ਬਾਰੇ।**

ਮੱਦ ਪ੍ਰਵਾਨ ਹੈ।

Attested
18.7.11

<u>ਮੱਦ ਨੰ: 10.08</u>
**Approval of Annual Statement for the year ending 31.03.2010**

ਮੱਦ ਪ੍ਰਵਾਨ ਹੈ।

<u>ਮੱਦ ਨੰ: 10.09</u>
**Revised Budget Estimates for the year 2010-11 and Budget Estimates for the year 2011-12**

ਮੱਦ ਪ੍ਰਵਾਨ ਹੈ।

<u>**ਸਪਲੀਮੈਂਟਰੀ ਅਜੰਡਾ**</u>

<u>ਮੱਦ ਨੰ: 10.10</u>
**ਸ਼ਹਿਰੀ ਮਿਲਖ ਦੇ ਸੈਕਟਰ 62 ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਬਣੀਆਂ ਅਣਅਧਿਕਾਰਤ ਦੁਕਾਨਾਂ ਦੇ ਬਿਨੈਕਾਰਾਂ ਨੂੰ ਸ਼ਹਿਰੀ ਮਿਲਖ ਮੁਹਾਲੀ ਦੇ ਸੈਕਟਰ 64 ਵਿੱਚ ਬਿਲਟਅਪ ਬੂਥ ਅਲਾਟ ਕਰਨ ਸਬੰਧੀ।**

ਮੱਦ ਪ੍ਰਵਾਨ ਹੈ।

<u>ਮੱਦ ਨੰ: 10.11</u>
**ਸਾਹਿਬਜਾਦਾ ਅਜੀਤ ਸਿੰਘ ਨਗਰ(ਮੋਹਾਲੀ) ਅਰਬਨ ਅਸਟੇਟ ਵਿਖੇ ਧਾਰਮਿਕ ਅਦਾਰਿਆਂ ਵੱਲੋਂ ਕੀਤੇ ਅਣਅਧਿਕਾਰਤ ਕਬਜਿਆਂ ਨੂੰ ਰੈਗੂਲਰ ਕਰਨ ਸਬੰਧੀ ਕੀਤੀ ਮੀਟਿੰਗ ਵਿੱਚ ਲਏ ਗਏ ਫੈਸਲੇ ਨੂੰ ਲਾਗੂ ਕਰਨ ਬਾਰੇ।**

ਮੱਦ ਪ੍ਰਵਾਨ ਹੈ। ਜਿਥੋਂ ਤੱਕ ਸੈਕਟਰ 62 ਮੁਹਾਲੀ ਵਿਖੇ ਗੁਰਦੁਆਰਾ ਅੰਬ ਸਾਹਿਬ ਜੀ ਦੀ ਜਮੀਨ ਦਾ ਸਬੰਧ ਹੈ, ਅਜੰਡੇ ਵਿੱਚ ਅ-1 ਲੜੀ ਨੰ 30 (A) ਤੇ ਦਿੱਤੀ ਗਈ ਤਜ਼ਵੀਜ਼ ਪ੍ਰਵਾਨ ਕੀਤੀ ਗਈ ।

<u>ਮੱਦ ਨੰ: 10.12</u>
**ਗੁਰਦੁਆਰਾ ਮਾਤਾ ਸੁੰਦਰ ਕੌਰ, ਸੈਕਟਰ 70, ਐਸ ਏ ਐਸ ਨਗਰ ਨੂੰ ਸੈਕਟਰ 77 ਵਿਖੇ ਬਦਲਵੀਂ ਥਾਂ ਦੇਣ ਬਾਰੇ।**

ਮੱਦ ਪ੍ਰਵਾਨ ਹੈ। ਜਿਥੋਂ ਤੱਕ ਗੁਰਦੁਆਰਾ ਮਾਤਾ ਸੁੰਦਰ ਕੌਰ ਸੈਕਟਰ 70 ਐਸ ਏ ਐਸ ਨਗਰ ਨੂੰ ਸੈਕਟਰ 77 ਵਿਖੇ ਬਦਲਵੀਂ ਜਮੀਨ ਦੇਣ ਦਾ ਸਬੰਧ ਹੈ ਉਸ ਦਾ ਰਕਬਾ 2.67 ਏਕੜ ਪ੍ਰਵਾਨ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਆਉਣ ਵਾਲੇ ਖਰਚੇ ਲਈ 2,03,81,600 ਕਰੋੜ ਰੁਪਏ ਪ੍ਰਵਾਨ ਕੀਤੇ ਗਏ ।

Attested

**ਮੱਦ ਨੰ: 10.13**
**Setting of National Centre of Excellence for Animation, Gaming and Visual Effects at Mohali.**

ਮੱਦ ਪ੍ਰਵਾਨ ਹੈ।

**ਮੱਦ ਨੰ: 10.14**
**ਦੰਗਾ ਪੀੜ੍ਹਤਾਂ ਨੂੰ ਮੋਹਾਲੀ ਦੇ ਫੇਜ਼-11 ਵਿਖੇ ਅਲਾਟ ਕੀਤੇ ਗਏ ਐਲ ਆਈ ਜੀ ਮਕਾਨਾਂ ਦੀਆਂ ਕਿਸ਼ਤਾਂ ਜਮ੍ਹਾਂ ਨਾ ਕਰਵਾਉਣ ਕਰਕੇ ਦੰਡ ਵਿਆਜ ਦੀ ਰਕਮ ਮੁਆਫ ਕਰਨ ਬਾਰੇ।**

ਮੱਦ ਇਸ ਨਿਰਦੇਸ਼ ਨਾਲ ਪ੍ਰਵਾਨ ਕੀਤੀ ਗਈ ਕਿ ਦੰਡ ਵਿਆਜ ਨਾ ਵਸੂਲਿਆ ਜਾਵੇ ਲੇਕਿਨ ਸਕੀਮ ਦਾ ਵਿਆਜ ਵਸੂਲਿਆ ਜਾਵੇਗਾ ।

**ਮੱਦ ਨੰ: 10.15**
**ਪੈਟਰੋਲ ਪੰਪਾਂ ਦੀਆਂ ਸਾਈਟਾਂ ਵੇਚਣ ਬਾਰੇ।**

ਮੱਦ ਹੇਠ ਦਰਸਾਈਆਂ ਸੇਧਾਂ ਨਾਲ ਪ੍ਰਵਾਨ ਕੀਤੀ ਗਈ:-

1) ਇਸਤੋ ਪਹਿਲਾਂ ਕਿ ਇਨ੍ਹਾਂ ਸਾਈਟਾਂ ਦੀ ਬੋਲੀ ਹੋਵੇ, ਗਮਾਡਾ ਪੈਟਰੋਲ ਪੰਪ ਸਾਈਟ ਲਈ ਐਕਸਪਲੋਸਿਵ ਐਕਟ ਅਧੀਨ ਲੋੜੀਦੇ ਇਤਰਾਜਹੀਣਤਾ ਸਰਟੀਫੀਕੇਟ ਲਵੇਗਾ ।
2) ਸਾਇਟਾਂ ਦੀ ਜਗ੍ਹਾ ਤੈਅ ਕਰਨ ਲਈ ਗਮਾਡਾ ਗੈਰ ਰਸਮੀ ਤੌਰ ਤੇ ਵੱਡੀਆਂ ਤੇਲ ਕੰਪਨੀਆਂ ਨਾਲ ਹੀ ਮਸ਼ਵਰਾ ਕਰ ਲਵੇ ।

**ਮੱਦ ਨੰ: 10.16**
**ਪੰਜਾਬ ਸਰਕਾਰ ਦੇ ਚੰਡੀਗੜ੍ਹ ਅਤੇ ਐਸ ਏ ਐਸ ਨਗਰ ਵਿੱਚ ਤੈਨਾਤ ਇੰਪਲਾਈਜ ਨੂੰ ਐਸ ਏ ਐਸ ਨਗਰ ਵਿਖੇ ਫਲੈਟ ਦੇਣ ਬਾਰੇ।**

ਮੱਦ ਸਿਧਾਂਤਕ ਤੌਰ ਤੇ ਹੇਠ ਲਿਖੇ ਪ੍ਰੇਖਣਾਂ ਨਾਲ ਪ੍ਰਵਾਨ ਕੀਤੀ ਗਈ :-

1) ਸਕੀਮ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਲਈ ਹੋਵੇਗੀ ਜਿਨ੍ਹਾਂ ਨੇ ਅਰਜੀਆਂ ਮੰਗਣ ਦੀ ਸ਼ੁਰਆਤੀ ਤਰੀਖ ਤੱਕ ਪੰਜਾਬ ਸਰਕਾਰ ਦੀ 10 ਸਾਲ ਦੀ ਰੈਗੂਲਰ ਨੌਕਰੀ ਪੂਰੀ ਕਰ ਲਈ ਹੋਵੇ ਅਤੇ ਮੋਹਾਲੀ ਮਿਊਂਸਿਪਲ ਹੱਦ/ਚੰਡੀਗੜ੍ਹ ਦੀ ਹੱਦ ਵਿਚ ਪਿਛਲੇ ਪੰਜ ਸਾਲ ਤੋ ਤੈਨਾਤ ਹੋਵੇ ।

Attested
18.7.11

2) ਅਲਾਟਮੈਂਟ ਲਈ ਉਮਰ ਵਿਚ ਵੱਡੇ/ਪਹਿਲਾਂ ਰਿਟਾਇਰ ਹੋਣ ਵਾਲੇ ਮੁਲਾਜਮਾਂ ਨੂੰ ਪਹਿਲ ਦਿੱਤੀ ਜਾਵੇਗੀ ।

3) ਸਕੀਮ ਦੀ ਤਫਸੀਲ ਲਾਗੂ ਕਰਨ ਤੋ ਪਹਿਲਾਂ ਕਾਰਜਕਾਰੀ ਕਮੇਟੀ ਤੋ ਪ੍ਰਵਾਨ ਕਰਵਾ ਲਈ ਜਾਵੇ ।

<u>ਮੱਦ ਨੰ: 10.17</u>

**ਮਾਲੀ ਤੌਰ ਤੇ ਕਮਜੋਰ ਵਰਗ ਲਈ(Economical Weaker Section) ਘਰ ਮੁਹੱਈਆ ਕਰਵਾਉਣ ਲਈ।**

ਮੱਦ ਹੇਠ ਲਿਖੇ ਪ੍ਰੇਖਣ ਨਾਲ ਵ੍ਵਾਨ ਕੀਤੀ ਗਈ:-

40% ਰਕਬਾ, ਬਿਲਡਰਜ਼ ਨੂੰ ਮਾਲੀ ਤੌਰ ਤੇ ਕਮਜੋਰ ਵਰਗ ਲਈ ਫਲੈਟ ਅਤੇ ਇਸ ਨਾਲ ਸਬੰਧਤ ਬੁਨਿਆਦੀ ਢਾਂਚਾ ਬਾਕੀ 60% ਰਕਬੇ ਤੇ ਮੁਕੰਮਲ ਕਰਨ ਅਤੇ ਸਰਕਾਰ ਨੂੰ ਸੌਂਪਣ ਤੋ ਬਾਅਦ ਮੋੜਿਆ ਜਾਵੇ ।

<u>ਮੱਦ ਨੰ: 10.18</u>

**ਬੂਥਗੜ੍ਹ ਤੋਂ ਲੈ ਕੇ ਤੋਗਾਂ ਤੱਕ ਪੀ.ਆਰ 4 ਸੜਕ ਤੱਕ, ਦੇਵੀ ਨਗਰ ਤੋਂ ਸੈਣੀ ਮਾਜਰਾ ਤੱਕ, ਡਿਫੈਂਸ ਜੋਨ ਨੇੜੇ ਮੁਲਾਂਪੁਰ ਤੋਂ ਲੈ ਕੇ ਚਾਹੜ ਤੱਕ ਸੜਕ ਦੀ ਭੌਂ ਪ੍ਰਾਪਤੀ ਬਾਰੇ।**

ਪੂਰਾ ਵੇਰਵਾ ਲੈਕੇ ਅਗਲੀ ਮੀਟਿੰਗ ਵਿਚ ਰੱਖਿਆ ਜਾਵੇ ।

<u>ਮੱਦ ਨੰ: 10.19</u>

**ਮੋਹਾਲੀ ਸ਼ਹਿਰ ਵਿਖੇ ਸਿਵਕ ਇਨਫਰਾਸਟਰਕਚਰ ਭਾਵ ਸੜਕਾਂ ਪਾਰਕਿੰਗ, ਪਾਰਕਾਂ ਸਟ੍ਰੀਟਸ, ਰੋਡ ਲਾਈਟਿੰਗ, ਡਾਇਰੈਕਸ਼ਨ ਸਾਈਨਜ, ਟ੍ਰੈਫਿਕ ਸਿਗਨਲ, ਸਪੋਰਟਸ ਇਨਫਰਾਸਟਰਕਚਰ, ਸਿਟੀ ਐਂਟਰੈਂਸਿਜ ਅਤੇ ਸ਼ਹਿਰ ਵਿੱਚ ਆਉਂਦੇ ਪਿੰਡਾਂ ਦੀ ਅਪਗਰੇਡੇਸ਼ਨ ਸਬੰਧੀ।**

ਮੱਦ ਪ੍ਰਵਾਨ ਹੈ।

8.7.11

ਮੱਦ ਨੰ: 10.20

**ਸ਼ਹਿਰੀ ਮਿਲਖ ਐਸ ਏ ਐਸ ਨਗਰ ਵਿਖੇ ਆਈ ਟੀ ਸਿਟੀ, ਮੁਲਾਂਪੁਰ ਅਰਬਨ ਐਸਟੇਟ ਫੇਜ-1, ਮੁਲਾਂਪੁਰ ਅਰਬਨ ਐਸਟੇਟ ਫੇਜ਼-2 ਅਤੇ ਮੈਡੀਸਿਟੀ ਮੁੱਲਾਂਪੁਰ(ਹੈਲਥ ਫੈਸਿਲਟੀ) ਲਈ ਦਿੱਤੀ ਜਾਣ ਵਾਲੀ ਲੈਂਡ ਪੂਲਿੰਗ ਵਿੱਚ ਸੋਧ ਕਰਨ ਬਾਰੇ।**

ਮਿਤੀ 21-8-2008 ਨੂੰ ਮੰਤਰੀ ਮੰਡਲ ਪ੍ਰੀਸਦ ਦੀ ਹੋਈ ਮੀਟਿੰਗ ਵਿੱਚ ਪ੍ਰਵਾਨਤ ਵਿਸੇ ਸਬੰਧੀ ਮੱਦ ਦੇ ਪੈਰਾ 2 (ਅ) "ਸਮੇਂ ਦੇ ਬੀਤਣ ਅਤੇ ਜਮੀਨ ਦੀ ਭੂਗੋਲਿਕ ਸਥਿਤੀ ਦੇ ਮੱਦੇ ਨਜਰ ਭੌਂ ਪ੍ਰਾਪਤੀ ਵਿਭਾਗ ਨੂੰ ਨਿਯਮਾਂ ਵਿੱਚ ਬਦਲਾਵ ਕਰਨ ਦੀ ਖੁੱਲ ਦਿੱਤੀ ਜਾਵੇ" ਨੂੰ ਧਿਆਨ ਵਿਚ ਰੱਖਦੇ ਹੋਏ ਮੱਦ ਪ੍ਰਵਾਨ ਕੀਤੀ ਗਈ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮੱਤੇ ਨਾਲ ਸਮਾਪਤ ਹੋਈ।

ਮੁੱਖ ਮੰਤਰੀ, ਪੰਜਾਬ